# ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦਾ ਜ਼ਾਬਤਾ

# ਅਤੇ

# ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਵਿਹਾਰ ਦਾ ਜ਼ਾਬਤਾ

ਸਿਤੰਬਰ 2002

## ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾ

## ਭੂਮਿਕਾ

ਇਸ ਦਸਤਾਵੇਜ਼ ਵਿਚ ਸਮਾਜਕ ਸੰਭਾਲ ਵਰਕਰਾਂ ਅਤੇ ਸਮਾਜਕ ਸੰਭਾਵ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਪ੍ਰਵਾਨਿਤ ਵਿਹਾਰ ਦਾ ਜ਼ਾਬਤਾ ਸ਼ਾਮਿਲ ਹੈ, ਜੋ ਵਿਹਾਰ ਅਤੇ ਅਮਲ ਦੇ ਉਹਨਾਂ ਮਿਆਰਾਂ ਬਾਰੇ ਦਸਦਾ ਹੈ, ਜਿਹਨਾਂ ਵਿਚ ਉਹਨਾਂ ਨੂੰ ਕੰਮ ਕਰਨਾ ਚਾਹੀਦਾ ਹੈ। ਇਹ ਭੂਮਿਕਾ, ਜੋ ਕਿ ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦੇ ਜ਼ਾਬਤੇ ਵਿਚ ਵੀ ਦੁਬਾਰਾ ਤਿਆਰ ਕੀਤੀ ਗਈ ਹੈ, ਤੁਹਾਨੂੰ ਇਹ ਸਮਝਾਉਣ ਲਈ ਹੈ ਕਿ ਜ਼ਾਬਤੇ ਕੀ ਹਨ ਅਤੇ ਇਹਨਾਂ ਦਾ ਇਕ ਸਮਾਜਕ ਸੰਭਾਲ ਵਰਕਰ, ਨੌਕਰੀਦਾਤਾ, ਸੇਵਾ ਦੀ ਵਰਤੋਂ ਕਰਨ ਵਾਲੇ ਜਾਂ ਜਨਤਾ ਦੇ ਇਕ ਮੈਂਬਰ ਵਜੋਂ, ਤੁਹਾਡੇ ਲਈ ਕੀ ਅਰਥ ਹੋਏਗਾ।

ਜਨਰਲ ਸੋਸ਼ਲ ਕੇਅਰ ਕੌਂਸਲ ਨੇ ਆਪਣਾ ਕਾਰਜ, ਉਤਰੀ ਆਇਰਲੈਂਡ ਦੀ ਸੋਸ਼ਲ ਕੇਅਰ ਕੌਂਸਲ , ਸਕੌਟਿਸ਼ ਸੋਸ਼ਲ ਸਰਵਿਸਿਜ਼ ਕੌਂਸਲ ਅਤੇ ਕੇਅਰ ਕੌਂਸਲ ਫ਼ਾਰ ਵੇਲਸ ਵਾਂਗ ਹੀ ਉਸ ਸਮੇਂ 1 ਅਕਤੂਬਰ 2001 ਤੋਂ ਆਪਣਾ ਕਾਰਜ ਸ਼ੁਰੂ ਕੀਤਾ। ਇਹਨਾਂ ਕੌਂਸਲਾਂ ਦੀ, ਵਿਹਾਰ ਦੇ ਜ਼ਾਬਤੇ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਹੈ ਅਤੇ ਇਹਨਾਂ ਨੇ ਰਲਕੇ ਸਮਾਜਕ ਸੰਭਾਲ ਸੇਵਾਵਾਂ ਵਿਚ ਮਿਆਰਾਂ ਨੂੰ ਵਧਾਉਣ ਲਈ ਆਪਣੇ ਯੋਗਦਾਨ ਦੇ ਹਿੱਸੇ ਵਜੋਂ, ਇਹਨਾਂ ਜ਼ਾਬਤਿਆਂ ਨੂੰ ਵਿਕਸਿਤ ਕਰਨ ਲਈ ਕਾਰਜ ਕੀਤਾ ਹੈ।

ਇਹ ਦਸਤਾਵੇਜ਼ ਵਰਕਰਾਂ ਅਤੇ ਨੌਕਰੀਦਾਤਾਵਾਂ ਲਈ ਦੋ ਜ਼ਾਬਤਿਆਂ ਦੇ ਰੂਪ ਵਿਚ ਦਿੱਤੇ ਗਏ ਹਨ, ਕਿਉਂਕਿ ਇਹ ਇਕ ਦੂਜੇ ਦੇ ਪੂਰਕ ਹਨ ਅਤੇ ਉਚੇਰੇ ਮਿਆਰ ਯਕੀਨੀ ਬਣਾਉਣ ਵਿਚ ਨੌਕਰੀਦਾਤਾਵਾਂ ਅਤੇ ਵਰਕਰਾਂ ਦੀ ਚੰਗੀ ਜ਼ਿੰਮੇਵਾਰੀ ਨੂੰ ਪ੍ਰਗਟਾਉਂਦੇ ਹਨ।

## ਜ਼ਾਬਤੇ ਕੀ ਹਨ ?

ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਵਿਹਾਰ ਦਾ ਜ਼ਾਬਤਾ ਸਮਾਜਕ ਸੰਭਾਲ ਵਰਕਰਾਂ ਦੀ ਨੇਮਬੰਦੀ ਵਿਚ ਨੌਕਰੀਦਾਤਾਵਾਂ ਦੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕਰਦਾ ਹੈ। ਇਹ ਪਹਿਲੀ ਵਾਰੀ ਹੈ ਕਿ ਅਜਿਹੇ ਮਿਆਰ ਰਾਸ਼ਟਰੀ ਪੱਧਰ 'ਤੇ ਨਿਸ਼ਚਿਤ ਕੀਤੇ ਗਏ ਹਨ। ਇਹਨਾਂ ਜ਼ਾਬਤਿਆਂ ਵਿਚ ਨੌਕਰੀਦਾਤਾਵਾਂ ਵਲੋਂ ਆਪਣੇ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਗਏ ਮਿਆਰਾਂ ਦੀ ਪਾਲਣਾ ਕਰਨਾ, ਸਮਾਜਕ ਸੰਭਾਲ ਵਰਕਰਾਂ ਨੂੰ ਆਪਣੇ ਜ਼ਾਬਤੇ 'ਤੇ ਪੂਰਾ ਉਤਰਨ ਵਿਚ ਸਹਾਇਤਾ ਕਰਨਾ ਅਤੇ ਵਰਕਰਾਂ ਵੱਲੋਂ ਵਿਹਾਰ ਦੇ ਉਮੀਦ ਕੀਤੇ ਜਾ ਰਹੇ ਮਿਆਰਾਂ 'ਤੇ ਪੂਰਾ ਨਾ ਉਤਰਨ 'ਤੇ ਢੁਕਵੀਂ ਕਾਰਵਾਈ ਕਰਨਾ ਸ਼ਾਮਲ ਹੈ।

ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦਾ ਜ਼ਾਬਤਾ, ਉਹਨਾਂ ਵੱਲੋਂ ਲੋੜੀਂਦੇ ਪੇਸ਼ੇਵਾਰਾਨਾ ਵਿਹਾਰ ਤੇ ਅਮਲ ਦੇ ਮਿਆਰਾਂ ਬਾਰੇ ਦਸਦਾ ਹੈ। ਫਿਰ ਇਹ ਪਹਿਲੀ ਵਾਰ ਹੈ ਕਿ ਇਸ ਤਰ੍ਹਾਂ ਰਾਸ਼ਟਰੀ ਪੱਧਰ 'ਤੇ ਇਹ ਵਿਹਾਰ ਨਿਸ਼ਚਿਤ ਕੀਤੇ ਗਏ ਹਨ, ਹਾਲਾਂਕਿ ਕਈ ਨੌਕਰੀਦਾਤਾਵਾਂ ਲਈ ਸਥਾਨਕ ਪੱਧਰ 'ਤੇ ਅਜਿਹੇ ਮਿਆਰ ਲਾਗੂ ਹਨ। ਇਸਦਾ ਕਾਰਜ ਸਮਾਜਕ ਸੰਭਾਲ ਵਿਚ ਲੋੜੀਂਦੇ ਮਿਆਰਾਂ ਦੀ ਪੁਸ਼ਟੀ ਕਰਨ ਦਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਵਰਕਰ ਵਿਹਾਰ ਦੇ ਉਹਨਾਂ ਮਿਆਰਾਂ ਬਾਰੇ ਜਾਣਦੇ ਹੋਣ, ਜਿਹਨਾਂ ਦੀ ਨੌਕਰੀਦਾਤਾ, ਸਾਥੀ, ਸੇਵਾ ਦੀ ਵਰਤੋਂ ਕਰਨ ਵਾਲੇ, ਸੰਭਾਲਕਰਤਾ ਅਤੇ ਲੋਕ ਉਹਨਾਂ ਤੋਂ ਉਮੀਦ ਕਰਦੇ ਹਨ।

ਇਹਨਾਂ ਜ਼ਾਬਤਿਆਂ ਦਾ ਉਦੇਸ਼ ਮੌਜੂਦਾ ਚੰਗੇ ਵਿਹਾਰ ਨੂੰ ਪ੍ਰਗਟਾਉਣਾ ਹੈ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵਰਕਰ ਅਤੇ ਨੌਕਰੀਦਾਤਾ ਇਹਨਾਂ ਜ਼ਾਬਤਿਆਂ ਵਿਚ ਉਹਨਾਂ ਸਾਂਝੇ ਮਿਆਰਾਂ ਨੂੰ ਪਛਾਣਨਗੇ, ਜਿਹਨਾਂ ਨੂੰ ਉਹ ਪਹਿਲਾਂ ਹੀ ਚਾਹੁੰਦੇ ਹਨ। ਕੌਂਸਲ ਇਹਨਾਂ ਜ਼ਾਬਤਿਆਂ ਨੂੰ ਵਿਆਪਕ ਪੱਧਰ 'ਤੇ ਉਪਲਬਧ ਕਰਾਕੇ, ਇਹਨਾਂ ਮਿਆਰਾਂ ਨੂੰ ਉਤਸਾਹਿਤ ਕਰੇਗੀ।

## ਇਹਨਾਂ ਜ਼ਾਬਤਿਆਂ ਦੀ ਵਰਤੋਂ ਕਿਵੇਂ ਕੀਤੀ ਜਾਏਗੀ ?

ਇਹ ਜ਼ਾਬਤੇ ਯੂਕੇ ਦੇ ਚਾਰ ਦੇਸ਼ਾਂ ਵਿਚ ਸਮਾਜਕ ਸੰਭਾਲ ਲਈ ਨੇਮਬੰਦੀ ਦੇ ਇਕ ਸਿਲਸਿਲੇ ਨੂੰ ਸ਼ੁਰੂ ਕਰਨ ਵਿਚ ਇਕ ਅਹਿਮ ਕਾਰਵਾਈ ਹਨ। ਇਹ ਕੌਂਸਲਾਂ ਸਮਾਜਕ ਸੰਭਾਲ ਵਿਚ ਕੰਮ ਕਰਨ ਵਾਲਿਆਂ ਦੀ ਰਜਿਸਟ੍ਰੇਸ਼ਨ ਲਈ ਜ਼ਿੰਮੇਵਾਰ ਹਨ। ਇਹ ਰਜਿਸਟਰ ਇਸ ਗੱਲ ਦਾ ਆਪ ਰਿਕੱਾਰਡ ਹੋਏਗਾ ਕਿ ਰਜਿਸਟਰਡ ਕੀਤੇ ਵਿਅਕਤੀ ਇਸ ਰਜਿਸਟਰ ਵਿਚ ਦਾਖ਼ਿਲੇ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਉਹ ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦੇ ਜ਼ਾਬਤੇ ਲਈ ਨਿਸ਼ਚਿਤ ਕੀਤੇ ਮਿਆਰਾਂ ਦੀ ਪਾਲਣਾ ਵਾਸਤੇ ਸਹਿਮਤ ਹਨ।

ਕੌਂਸਲਾਂ, ਇਕ ਰਜਿਸਟਰਡ ਵਰਕਰ ਨੂੰ ਰਜਿਸਟਰ ਵਿਚ ਦਰਜ ਰਹਿਣਾ ਚਾਹੀਦਾ ਹੈ ਜਾਂ ਨਹੀਂ, ਇਸ ਬਾਰੇ ਫ਼ੈਸਲੇ ਅਤੇ ਮਾੜੇ ਵਿਹਾਰ ਦੇ ਮੁੱਦਿਆਂ 'ਤੇ ਵਿਚਾਰ ਕਰਨ ਲਗਿਆਂ ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦੇ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਮਿਆਰਾਂ ਨੂੰ ਧਿਆਨ ਵਿਚ ਰੱਖਣਗੀਆਂ।

## ਇਹਨਾਂ ਜ਼ਾਬਤਿਆਂ ਦਾ ਤੁਹਾਡੇ ਲਈ ਕੀ ਅਰਥ ਹੋਏਗਾ ?

ਇਕ ਸਮਾਜਕ ਸੰਭਾਲ ਵਰਕਰ ਵਜੋਂ ਤੁਹਾਡੇ ਕੋਲ, ਤੁਹਾਡੇ ਵਿਚਾਰ ਨੂੰ ਸੇਧ ਦੇਣ ਲਈ ਮਿਆਰ ਹੋਏਗਾ ਅਤੇ ਵਿਹਾਰ ਦੇ ਇਹਨਾਂ ਮਿਆਰਾਂ ਬਾਰੇ ਤੁਸੀਂ ਸਪਸ਼ਟ ਹੋ, ਜਿਹਨਾਂ ਦੀ ਤੁਹਾਡੇ ਕੋਲੋਂ ਉਮੀਦ ਕੀਤੀ ਜਾਂਦੀ ਹੈ। ਤੁਹਾਨੂੰ ਆਪਣੇ ਵਿਹਾਰ ਦੀ ਜਾਂਚ ਲਈ ਜ਼ਾਬਤਿਆਂ ਦੀ ਵਰਤੋਂ ਅਤੇ ਉਹਨਾਂ ਖ਼ੇਤਰਾਂ ਦਾ ਪਤਾ ਲਾਉਣ ਲਈ ਉਤਸਾਹਿਤ ਕੀਤਾ ਜਾਂਦਾ ਹੈ, ਜਿਹਨਾਂ 'ਚ ਤੁਸੀਂ ਸੁਧਾਰ ਕਰ ਸਕਦੇ ਹੋ।

ਸਮਾਜਕ ਸੰਭਾਲ ਨੌਕਰੀਦਾਤਾ ਵਜੋਂ ਤੁਸੀਂ ਜਾਣੋਗੇ ਕਿ ਤੁਹਾਡੇ ਤੋਂ ਕਾਰਜ ਸ਼ਕਤੀ ਦੀ ਨੇਮਬੰਦੀ ਅਤੇ ਉਚ ਕੁਆਲਿਟੀ ਵਾਲੀ ਸਮਾਜਕ ਸੰਭਾਲ ਦੀ ਹਿਮਾਇਤ ਵਿਚ ਕਿਸ ਤਰ੍ਹਾਂ ਦੀ ਭੂਮਿਕਾ ਦੀ ਉਮੀਦ ਕੀਤੀ ਜਾਂਦੀ ਹੈ। ਤੁਹਾਨੂੰ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਗਏ ਮਿਆਰਾਂ ਦੇ ਪਿਛੋਕੜ ਵਿਚ ਵਿਹਾਰ ਅਤੇ ਨੀਤੀਆਂ ਦੇ ਤੁਹਾਡੇ ਆਪਣੇ ਮਿਆਰਾਂ ਦਾ ਜਾਇਜ਼ਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਸੇਵਾਵਾਂ ਦੀ ਵਰਤੋਂ ਕਰਨ ਵਾਲੇ ਜਾਂ ਜਨਤਾ ਦੇ ਮੈਂਬਰ ਵਜੋਂ, ਇਹ ਜ਼ਾਬਤੇ ਤੁਹਾਨੂੰ ਇਸ ਗੱਲ ਨੂੰ ਸਮਝਣ ਵਿਚ ਸਹਾਇਤਾ ਦੇਣਗੇ ਕਿ ਇਕ ਸਮਾਜਕ ਸੰਭਾਲ ਵਰਕਰ ਨੂੰ ਤੁਹਾਡੇ ਨਾਲ ਕਿੰਜ ਦਾ ਵਿਹਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਨੌਕਰੀਦਾਤਾ ਨੂੰ ਸਮਾਜਕ ਸੰਭਾਲ ਵਰਕਰਾਂ ਵਲੋਂ ਆਪਣੇ ਕਾਰਜ ਨੂੰ ਚੰਗੀ ਤਰ੍ਹਾਂ ਕਰਨ ਲਈ ਹਿਮਾਇਤ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ।

## ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਵਿਹਾਰ ਦਾ ਜ਼ਾਬਤਾ

ਇਸ ਜ਼ਾਬਤੇ ਦਾ ਉਦੇਸ਼ ਸਮਾਜਕ ਸੰਭਾਲ ਵਰਕਰਾਂ ਨੂੰ ਨੇਮਬੰਦ ਕਰਨ ਵਿਚ ਨੌਕਰੀਦਾਤਾਵਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਸ਼ਚਿਤ ਕਰਨਾ ਹੈ। ਕਾਰਜ ਸ਼ਕਤੀ ਦੀ ਨੇਮਬੰਦੀ ਦਾ ਉਦੇਸ਼ ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਇਨ੍ਹਾਂ ਨੂੰ ਉਤਸਾਹਿਤ ਕਰਨਾ ਹੈ। ਇਸ ਜ਼ਾਬਤੇ ਦਾ ਉਦੇਸ਼ ਨੌਕਰੀਦਾਤਾਵਾਂ ਦੀਆਂ ਮੌਜੂਦਾ ਨੀਤੀਆਂ ਦੀ ਥਾਂ ਲੈਣ ਜਾਂ ਨਕਲ ਕਰਨ ਦੀ ਬਜਾਏ ਪੂਰਕ ਬਣਨ ਦਾ ਹੈ ਅਤੇ ਇਹ ਅਮਲੇ ਦੀ ਨਿਯੁਕਤੀ ਨਾਲ ਸਬੰਧਿਤ ਕਾਨੂੰਨ, ਜ਼ਰੂਰਤਾਂ ਅਤੇ ਸੇਧ ਦੇ ਇਕ ਵੱਡੇ ਪੈਕੇਜ ਦਾ ਹਿੱਸਾ ਹੈ। ਨੌਕਰੀਦਾਤਾ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਉਹ ਇਸ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਗਏ ਮਿਆਰਾਂ 'ਤੇ ਪੂਰਾ ਉਤਰਨ, ਵਧੇਰੇ ਕੁਆਲਿਟੀ ਵਾਲੀਆਂ ਸੇਵਾਵਾਂ ਮੁਹਈਆ ਕਰਨ ਅਤੇ ਸਮਾਜਕ ਸੰਭਾਲ ਸੇਵਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਅਤੇ ਭਰੋਸੇ ਨੂੰ ਵਧਾਉਣ।

## ਦਰਜਾ

ਸੰਭਾਲ ਮਿਆਰਾਂ ਬਾਰੇ ਰਾਸ਼ਟਰੀ ਕਮਿਸ਼ਨ ਅਤੇ ਸਮਾਜਕ ਸੇਵਾਵਾਂ ਬਾਰੇ ਇੰਸਪੈਕਟੋਰੇਟ ਸੰਭਾਲ ਬਾਰੇ ਮਿਆਰਾਂ ਨੂੰ ਲਾਗੂ ਕਰਨ ਵਿਚ ਇਸ ਜ਼ਾਬਤੇ ਨੂੰ ਧਿਆਨ ਵਿਚ ਰੱਖਣਗੇ।

ਸਮਾਜਕ ਸੰਭਾਲ ਕਾਰਜਸ਼ਕਤੀ ਨੂੰ ਨੇਮਬੰਧ ਕਰਨ ਦੇ ਸਬੰਧ ਵਿਚ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਮਾਜਕ ਸੰਭਾਲ ਨੌਕਰੀਦਾਤਾਵਾਂ ਲਈ ਲਾਜ਼ਮੀ ਹੈ :

- ਯਕੀਨੀ ਬਣਾਉਣਾ ਕਿ ਲੋਕ ਕਾਰਜਸ਼ਕਤੀ ਵਿਚ ਸ਼ਾਮਿਲ ਹੋਣ ਦੇ ਯੋਗ ਹਨ ਅਤੇ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ ;

- ਸਮਾਜਕ ਸੰਭਾਲ ਵਰਕਰਾਂ ਨੂੰ, ਸਮਾਜਕ ਸੰਭਾਲ ਵਰਕਰਾਂ ਬਾਰੇ ਜਨਰਲ ਸੋਸ਼ਲ ਕੇਅਰ ਕੌਂਸਲ (ਜੀਐਸਸੀਸੀ) ਦੇ ਵਿਹਾਰ ਤੇ ਜ਼ਾਬਤੇ 'ਤੇ ਪੂਰਾ ਉਤਰਨ ਦੇ ਸਮਰੱਥ ਕਰਨ ਲਈ ਨੀਤੀਆਂ ਅਤੇ ਅਮਲਾਂ ਨੂੰ ਲਿਖੇ ;

- ਸਮਾਜਕ ਸੰਭਾਲ ਵਰਕਰਾਂ ਨੂੰ ਆਪਣੀ ਮੁਹਾਰਤ ਅਤੇ ਜਾਣਕਾਰੀ ਨੂੰ ਮਜ਼ਬੂਤ ਅਤੇ ਵਿਕਸਿਤ ਕਰਨ ਦੇ ਯੋਗ ਬਣਾਉਣ ਲਈ ਸਿਖਲਾਈ ਅਤੇ ਵਿਕਾਸ ਦੇ ਮੌਕੇ ਪ੍ਰਦਾਨ ਕਰੇ ;

- ਖ਼ਤਰਨਾਕ ਪੱਖਪਾਤੀ ਜਾਂ ਸ਼ੋਸ਼ਣ ਵਾਲੇ ਵਤੀਰੇ ਅਤੇ ਅਮਲ ਨਾਲ ਨਜਿਠਣ ਲਈ ਲਿਖਤੀ ਨੀਤੀਆਂ ਅਤੇ ਅਮਲਾਂ ਨੂੰ ਨਿਸ਼ਚਿਤ ਅਤੇ ਲਾਗੂ ਕਰੇ ; ਅਤੇ

- ਸਮਾਜਕ ਸੰਭਾਲ ਵਰਕਰਾਂ, ਸੇਵਾ ਦੀ ਵਰਤੋਂ ਕਰਨ ਵਾਲੇ ਅਤੇ ਸੰਭਾਲ ਕਰਤਾਵਾਂ ਲਈ ਜੀਐਸਸੀਸੀ ਦੇ ਵਿਹਾਰ ਦੇ ਜ਼ਾਬਤਿਆਂ ਨੂੰ ਪ੍ਰੋਤਸਾਹਿਤ ਕਰੇ ਅਤੇ ਜੀਐਸਸੀਸੀ ਦੇ ਅਮਲਾਂ ਨਾਲ ਮਿਲਵਰਤਨ ਕਰੇ।

**1** ਸਮਾਜਕ ਸੰਭਾਲ ਨੌਕਰੀਦਾਤਾ ਵਜੋਂ, ਤੁਹਾਨੂੰ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਲੋਕ, ਸਮਾਜਕ ਸੰਭਾਲ ਕਾਰਜਸ਼ਕਤੀ ਵਿਚ ਦਾਖਿਲ ਹੋਣ ਦੇ ਯੋਗ ਹਨ ਅਤੇ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ।

ਇਸ ਵਿਚ ਸ਼ਾਮਲ ਹਨ :

1.1 ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸਿਰਫ਼ ਉਹੀ ਲੋਕ ਜਿਨ੍ਹਾਂ ਕੋਲ ਢੁਕਵੀਂ ਜਾਣਕਾਰੀ ਅਤੇ ਮੁਹਾਰਤਾਂ ਹਨ ਅਤੇ ਜੋ ਸਮਾਜਕ ਸੰਭਾਲ ਪ੍ਰਦਾਨ ਕਰਨ ਦੇ ਯੋਗ ਹਨ, ਤੁਹਾਡੀ ਕਾਰਜਸ਼ਕਤੀ ਵਿਚ ਦਾਖਿਲ ਹੋਣ ਦਿੱਤਾ ਜਾਏ, ਭਰਤੀ ਅਤੇ ਚੋਣ-ਅਮਲਾਂ ਦੇ ਸਖ਼ਤ ਅਤੇ ਮੁਕੰਮਲ ਅਮਲਾਂ ਦੀ ਵਰਤੋਂ ;

1.2 ਨਿਯੁਕਤੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਇਸ ਗੱਲ ਦਾ ਪਤਾ ਲਾਉਣ ਲਈ ਕਿ ਕੀ ਲੋਕ ਨੌਕਰੀ ਦੀਆਂ ਜ਼ਿੰਮੇਵਾਰੀਆਂ ਪੂਰਾ ਕਰਨ ਦੇ ਯੋਗ ਹਨ, ਮੁਜਰਮਾਨਾ ਰਿਕੱਾਰਡਾਂ, ਸਬੰਧਿਤ ਰਜਿਸਟਰਾਂ, ਸੂਚੀਆਂ ਦੀ ਜਾਂਚ ਅਤੇ ਮੁਲਾਂਕਣ ;

1.3 ਭਰੋਸੇਯੋਗ ਹਵਾਲੇ ਮੰਗਣਾ ਅਤੇ ਪ੍ਰਦਾਨ ਕਰਨਾ ;

1.4 ਅਮਲੇ ਨੂੰ ਆਪਣੇ ਕਾਰਜ ਦੀ ਪਾਲਨਾ ਕਰਨ ਲਈ ਉਹਨਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ, ਸਬੰਧਿਤ ਕਾਨੂੰਨ ਅਤੇ ਸੰਸਥਾ ਦੀਆਂ ਨੀਤੀਆਂ ਅਤੇ ਅਮਲਾਂ ਬਾਰੇ ਸਪਸ਼ਟ ਜਾਣਕਾਰੀ ਦੇਣਾ ; ਅਤੇ

1.5 ਉਚੇਰੀ ਕੁਆਲਿਟੀ ਵਾਲੀਆਂ ਸੇਵਾਵਾਂ ਅਤੇ ਸੰਭਾਲ ਯਕੀਨੀ ਬਣਾਉਣ ਲਈ ਅਮਲੇ ਅਤੇ ਸੰਸਥਾ ਦੀ ਕਾਰਗੁਜ਼ਾਰੀ ਦਾ ਪ੍ਰਬੰਧ ਕਰਨਾ।

**2** ਇਕ ਸਮਾਜਕ ਸੰਭਾਲ ਨੌਕਰੀਦਾਤਾ ਵਜੋਂ ਤੁਹਾਨੂੰ, ਸਮਾਜਕ ਸੰਭਾਲ ਵਰਕਰਾਂ ਨੂੰ ਸਮਾਜਕ ਸੰਭਾਲ ਵਰਕਰਾਂ ਬਾਰੇ ਜੀਐਸਸੀਸੀ ਦੇ ਵਿਹਾਰ ਤੇ ਜ਼ਾਬਤੇ 'ਤੇ ਪੂਰਾ ਉਤਰਨ ਦੇ ਸਮਰੱਥ ਕਰਨ ਲਈ ਨੀਤੀਆਂ ਅਤੇ ਅਮਲਾਂ ਨੂੰ ਲਿਖਣਾ ਲਾਜ਼ਮੀ ਹੈ।

ਇਸ ਵਿਚ ਸ਼ਾਮਿਲ ਹਨ :

2.1 ਇਹਨਾਂ ਗੱਲਾਂ ਬਾਰੇ ਲਿਖਤੀ ਨੀਤੀਆਂ ਨੂੰ ਲਾਗੂ ਕਰਨਾ ਅਤੇ ਨਿਗਰਾਨੀ : ਰਾਜ਼ਦਾਰੀ; ਬਰਾਬਰੀ ਦੇ ਮੌਕੇ ; ਜੋਖ਼ਮ ਮੁਲਾਂਕਣ ; ਯੋਗਤਾ ਉਲੰਘਣਾ / ਮੂਲ ਮੁੱਦੇ ਦੀ ਉਲੰਘਣਾ ; ਰਿਕਾਰਡ ਰੱਖਣ ; ਅਤੇ ਸੇਵਾ ਦੀ ਵਰਤੋਂ ਕਰਨ ਵਾਲਿਆਂ ਜਾਂ ਸੰਭਾਲਕਰਤਾਵਾਂ ਤੋਂ ਰਕਮਾਂ ਜਾਂ ਵਿਅਕਤੀਗਤ ਤੋਹਫ਼ੇ ਲੈਣਾ ;

2.2 ਅਮਲੇ ਦੇ ਪ੍ਰਭਾਵੀ ਵਿਹਾਰ ਅਤੇ ਚੰਗੇ ਕੰਮ ਕਾਜ ਦੀ ਹਿਮਾਇਤ ਲਈ ਅਤੇ ਅਮਲੇ ਨੂੰ ਆਪਣੀ ਕਾਰਗੁਜ਼ਾਰੀ ਵਿਚ ਕੰਮੀਆਂ ਨੂੰ ਦੂਰ ਕਰਨ ਦੀ ਹਿਮਾਇਤ ਲਈ ਪ੍ਰਭਾਵੀ ਪ੍ਰਬੰਧ ਅਤੇ ਨਿਗਰਾਨੀ ;

2.3 ਸਮਾਜਕ ਸੰਭਾਲ ਵਰਕਰਾਂ ਨੂੰ ਨਾਕਾਫੀ ਵਸੀਲਿਆਂ ਜਾਂ ਅਮਲ ਸਬੰਧੀ ਮੁਸ਼ਕਿਲਾਂ, ਜਿਨ੍ਹਾਂ ਨਾਲ ਕਿ ਸੁਰੱਖਿਅਤ ਸੰਭਾਲ ਦੇਣ ਵਿਚ ਰੁਕਾਵਟ ਆ ਸਕਦੀ ਹੈ, ਬਾਰੇ ਰਿਪੋਰਟ ਕਰਨ ਦੇ ਯੋਗ ਬਣਾਉਣ ਦੇ ਸਿਲਸਿਲੇ ਦਾ ਹੋਣਾ ਅਤੇ ਇਹਨਾਂ ਮੁੱਦਿਆਂ ਨੂੰ ਹਲ ਕਰਨ ਲਈ ਉਹਨਾਂ ਅਤੇ ਸਬੰਧਿਤ ਅਧਿਕਾਰੀਆਂ ਨਾਲ ਕਾਰਜ ਕਰਨਾ ; ਅਤੇ

2.4 ਸਮਾਜਕ ਸੰਭਾਲ ਵਰਕਰਾਂ ਨੂੰ ਸਮਾਜਕ ਸੰਭਾਲ ਵਰਕਰਾਂ ਬਾਰੇ ਜੀਐਸਸੀਸੀ ਦੇ ਵਿਹਾਰ ਤੇ ਜ਼ਾਬਤੇ 'ਤੇ ਪੂਰਾ ਉਤਰਨ ਲਈ ਹਿਮਾਇਤ ਦੇਣਾ ਅਤੇ ਉਹਨਾਂ ਨੂੰ ਅਜਿਹਾ ਕੁਝ ਨਾ ਕਰਨ ਦੇਣਾ ਜਿਸ ਨਾਲ ਕਿ ਇਹ ਉਸ ਜ਼ਾਬਤੇ ਦੀ ਪਾਲਣਾ ਲਈ ਖ਼ਤਰਾ ਬਣੇ।

**3** ਇਕ ਸਮਾਜਕ ਸੰਭਾਲ ਨੌਕਰੀਦਾਤਾ ਵਜੋਂ ਤੁਹਾਨੂੰ ਸਮਾਜਕ ਸੰਭਾਲ ਵਰਕਰਾਂ ਨੂੰ ਆਪਣੀਆਂ ਮੁਹਾਰਤਾਂ ਅਤੇ ਜਾਣਕਾਰੀ ਨੂੰ ਮਜ਼ਬੂਤ ਅਤੇ ਵਿਕਸਿਤ ਕਰਨ ਦੇ ਯੋਗ ਬਣਾਉਣ ਲਈ ਸਿਖਲਾਈ ਅਤੇ ਵਿਕਾਸ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ।

ਇਸ ਵਿਚ ਸ਼ਾਮਲ ਹਨ :

3.1 ਸਮਾਜਕ ਸੰਭਾਲ ਵਰਕਰਾਂ ਨੂੰ ਆਪਣਾ ਕੰਮ ਪ੍ਰਭਾਵੀ ਤਰੀਕੇ ਨਾਲ ਕਰਨ ਵਿਚ ਮਦਦ ਲਈ ਅਤੇ ਉਹਨਾਂ ਨੂੰ ਨਵੀਂ ਅਤੇ ਬਦਲ ਰਹੀ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਲਈ ਤਿਆਰ ਕਰਨ ਵਾਸਤੇ ਦਾਖ਼ਿਲੇ, ਸਿਖਲਾਈ ਅਤੇ ਵਿਕਾਸ ਦੇ ਮੌਕੇ ਮੁਹੱਈਆ ਕਰਨਾ ;

3.2 ਪ੍ਰਭਾਵੀ ਕਾਰਜ ਸਥਾਨ ਮੁਲਾਂਕਣ ਅਤੇ ਵਿਹਾਰਕ ਸਿਖਿਆ ਸਮੇਤ ਸਮਾਜਕ ਸੰਭਾਲ ਅਤੇ ਸਮਾਜਕ ਕਾਰਜ ਸਿਖਿਆ ਅਤੇ ਸਿਖਲਾਈ ਦੀਆਂ ਧਾਰਾਵਾਂ ਵਿਚ ਯੋਗਦਾਨ ਦੇਣਾ ;

3.3 ਅਮਲੇ ਦੀ ਉਹਨਾਂ ਅਹੁਦਿਆਂ 'ਤੇ ਜਿਨ੍ਹਾਂ ਲਈ ਰਜਿਸਟ੍ਰੇਸ਼ਨ ਵਾਸਤੇ ਜੀਐਸਸੀਸੀ ਦੀ ਰਜਿਸਟ੍ਰੇਸ਼ਨ ਬਾਰੇ ਯੋਗਤਾ ਮਿਆਰਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ ਅਤੇ ਲਗਾਤਾਰ ਪੇਸ਼ੇਵਾਰਾਨਾ ਵਿਕਾਸ ਲਈ ਇਸ ਦੀਆਂ ਲੋੜਾਂ ਦੀ ਹਿਮਾਇਤ ਕਰਨਾ ; ਅਤੇ

3.4 ਉਹਨਾਂ ਸਮਾਜਕ ਸੰਭਾਲ ਵਰਕਰਾਂ ਨੂੰ ਢੁਕਵਾਂ ਪ੍ਰਤੀਕਰਮ ਦੇਣਾ, ਜੋ ਇਸ ਕਾਰਨ ਸਹਾਇਤਾ ਮੰਗਦੇ ਹਨ ਕਿਉਂਕਿ ਉਹ ਆਪਣੇ ਆਪ ਨੂੰ, ਕਾਰਜ ਦੇ ਕਿਸੇ ਪਹਿਲੂ ਨਾਲ ਕਰ ਸਕਣ ਦੇ ਸਮਰੱਥ ਜਾਂ ਕਾਰਜ ਦੇ ਉਸ ਪਹਿਲੂ ਨੂੰ ਕਰਨ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸਮਝਦੇ।

4 ਇਕ ਸਮਾਜਕ ਸੰਭਾਲ ਨੌਕਰੀਦਾਤਾ ਵਜੋਂ ਤੁਹਾਡੇ ਵੱਲੋਂ ਖ਼ਤਰਨਾਕ, ਪੱਖਪਾਤੀ ਜਾਂ ਸ਼ੋਸ਼ਣ ਵਾਲੇ ਵਤੀਰੇ ਅਤੇ ਅਮਲ ਨਾਲ ਨਜਿਠਣ ਲਈ ਲਿਖਤੀ ਨੀਤੀਆਂ ਅਤੇ ਅਮਲਾਂ ਨੂੰ ਨਿਸ਼ਚਿਤ ਅਤੇ ਲਾਗੂ ਕਰਨਾ ਲਾਜ਼ਮੀ ਹੈ।

ਇਸ ਵਿਚ ਸ਼ਾਮਲ ਹਨ :

4.1 ਸਮਾਜਕ ਸੰਭਾਲ ਵਰਕਰਾਂ ਨੂੰ ਇਹ ਸਪਸ਼ਟ ਕਰਨਾ ਕਿ ਜ਼ੋਰ ਜ਼ਬਰਦਸਤੀ ਕਰਨਾ, ਤੰਗ ਪ੍ਰੇਸ਼ਾਨ ਕਰਨਾ ਜਾਂ ਕਿਸੇ ਕਿਸਮ ਦਾ ਅਣ-ਉਚਿਤ ਪੱਖਪਾਤ ਪ੍ਰਵਾਨ ਨਹੀਂ ਹੈ ਅਤੇ ਅਜਿਹੇ ਵਤੀਰੇ ਨਾਲ ਨਜਿਠਣ ਲਈ ਕਾਰਵਾਈ ਕਰਨਾ ;

4.2 ਸਮਾਜਕ ਸੰਭਾਲ ਵਰਕਰਾਂ ਨੂੰ ਖ਼ਤਰਨਾਕ, ਪੱਖਪਾਤੀ ਜਾਂ ਸ਼ੋਸ਼ਣ ਵਾਲੇ ਵਤੀਰੇ ਅਤੇ ਅਮਲ ਬਾਰੇ ਰਿਪੋਰਟ ਕਰਨ ਵਾਸਤੇ ਅਮਲ ਕਾਇਮ ਕਰਨਾ ਅਤੇ ਉਹਨਾਂ ਨੂੰ ਉਤਸਾਹਿਤ ਕਰਨਾ ਅਤੇ ਇਹਨਾਂ ਰਿਪੋਰਟਾਂ ਨਾਲ ਤੁਰੰਤ, ਪ੍ਰਭਾਵੀ ਤਰੀਕੇ ਨਾਲ ਅਤੇ ਖੁਲ੍ਹੇ ਤੌਰ 'ਤੇ ਨਜਿੱਠਣਾ ;

4.3 ਸਮਾਜਕ ਸੰਭਾਲ ਵਰਕਰਾਂ, ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲ ਕਰਤਾਵਾਂ ਨੂੰ ਇਹ ਸਪਸ਼ਟ ਕਰਨਾ ਕਿ ਅਮਲੇ ਨੂੰ ਹਿੰਸਾ, ਧਮਕੀਆਂ ਜਾਂ ਬਦਸਲੂਕੀ ਪ੍ਰਵਾਨ ਨਹੀਂ ਹੈ ਅਤੇ ਹਿੰਸਾ ਦੇ ਖ਼ਤਰੇ ਨੂੰ ਘੱਟ ਤੋਂ ਘੱਟ ਕਰਨ ਅਤੇ ਹਿੰਸਕ ਵਾਰਦਾਤਾਂ ਦੇ ਪ੍ਰਬੰਧ ਲਈ ਸਪਸ਼ਟ ਨੀਤੀਆਂ 'ਤੇ ਅਮਲ ਰੱਖਣਾ ;

4.4 ਉਹਨਾਂ ਸਮਾਜਕ ਸੰਭਾਲ ਵਰਕਰਾਂ ਨੂੰ ਸਹਾਇਤਾ ਦੇਣੀ, ਜਿਨ੍ਹਾਂ ਨੂੰ ਆਪਣੇ ਕਾਰਜ ਦੌਰਾਨ ਸਦਮੇ ਜਾਂ ਹਿੰਸਾ ਦਾ ਸਾਹਮਣਾ ਕਰਨਾ ਪਿਆ ;

4.5 ਉਹਨਾਂ ਲਿਖਤੀ ਨੀਤੀਆਂ ਅਤੇ ਅਮਲਾਂ ਨੂੰ ਨਿਸ਼ਚਿਤ ਅਤੇ ਲਾਗੂ ਕਰਨਾ ਜੋ ਅਮਲੇ ਦੀ ਭਲਾਈ ਅਤੇ ਵਰਕਰਾਂ ਲਈ ਬਰਾਬਰੀ ਦੇ ਮੌਕਿਆਂ ਨੂੰ ਉਤਸਾਹਿਤ ਕਰਦੇ ਹਨ ; ਅਤੇ

4.6 ਇਸ ਗੱਲ ਨੂੰ ਯਕੀਨੀ ਬਣਾਉਂਦਿਆਂ ਕਿ ਸੰਭਾਲ ਅਤੇ ਸੁਰੱਖਿਆ ਦੀ ਸੇਵਾ ਦੀ ਵਰਤੋਂ ਕਰਨ ਵਾਲੇ ਤੁਹਾਡੀ ਤਰਜੀਹ ਹਨ, ਉਹਨਾਂ ਸਮਾਜਕ ਸੰਭਾਲ ਵਰਕਰਾਂ ਜਿਨ੍ਹਾਂ ਦਾ ਕੰਮ ਬਿਮਾਰ ਹੋਣ ਜਾਂ ਨਸ਼ੀਲੀਆਂ

ਦਵਾਈਆਂ ਅਤੇ ਸ਼ਰਾਬ 'ਤੇ ਨਿਰਭਰਤਾ ਕਾਰਨ ਪ੍ਰਭਾਵਿਤ ਹੋਇਆ ਹੈ, ਨੂੰ ਉਚਿਤ ਸਹਾਇਤਾ ਮੁਹਈਆ ਕਰਨਾ ਹੈ ਅਤੇ ਉਹਨਾਂ ਦੇ ਇਲਾਜ ਦੌਰਾਨ, ਉਹਨਾਂ ਦੇ ਕਾਰਜ ਦੀ ਕਿਸੇ ਸੀਮਾ ਬਾਰੇ ਸਪਸ਼ਟ ਸੇਧ ਦੇਣਾ।

**5** ਇਕ ਸਮਾਜਕ ਸੰਭਾਲ ਨੌਕਾਰੀਦਾਤਾ ਵਜੋਂ ਤੁਹਾਨੂੰ, ਸਮਾਜਕ ਸੰਭਾਲ ਵਰਕਰਾਂ, ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲ ਕਰਤਾਵਾਂ ਲਈ ਜੀਐਸਸੀਸੀ ਦੇ ਵਿਹਾਰ ਦੇ ਜ਼ਾਬਤਿਆਂ ਨੂੰ ਪ੍ਰੋਤਸਾਹਿਤ ਕਰਨਾ ਅਤੇ ਜੀਐਸਸੀਸੀ ਦੇ ਅਮਲਾਂ ਨਾਲ ਮਿਲਵਰਤਨ ਕਰਨਾ ਲਾਜ਼ਮੀ ਹੈ।

ਇਹਨਾਂ ਵਿਚ ਸ਼ਾਮਲ ਹਨ :

5.1 ਸਮਾਜਕ ਸੰਭਾਲ ਵਰਕਰਾਂ ਨੂੰ ਇਸ ਜ਼ਾਬਤੇ ਬਾਰੇ ਦੱਸਣਾ ਅਤੇ ਤੁਹਾਡੀ ਇਸ ਦੀ ਪਾਲਣਾ ਲਈ ਜ਼ਿੰਮੇਵਾਰੀ ;

5.2 ਸਮਾਜਕ ਸੰਭਾਲ ਵਰਕਰਾਂ ਨੂੰ, ਸਮਾਜ ਸੰਭਾਲਵਰਕਰਾਂ ਲਈ ਜੀਐਸਸੀਸੀ ਦੇ ਵਿਹਾਰ ਦੇ ਜ਼ਾਬਤੇ ਅਤੇ ਉਸ ਜ਼ਾਬਤੇ 'ਤੇ ਪੂਰਾ ਉਤਰਨ ਲਈ ਉਹਨਾਂ ਦੀ ਵਿਅਕਤੀਗਤ ਜ਼ਿੰਮੇਵਾਰੀ ਬਾਰੇ ਦਸਣਾ ;

5.3 ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲ ਕਰਤਾਵਾਂ ਨੂੰ ਇਸ ਜ਼ਾਬਤੇ ਅਤੇ ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦੇ ਜ਼ਾਬਤੇ ਤੋਂ ਜਾਣੂ ਕਰਾਉਣਾ ਅਤੇ ਤੁਹਾਡੀਆਂ ਨੀਤੀਆਂ ਰਾਹੀਂ ਮੁੱਦਿਆਂ ਨੂੰ ਕਿਵੇਂ ਉਠਾਉਣ, ਇਸ ਬਾਰੇ ਉਹਨਾਂ ਨੂੰ ਜਾਣਕਾਰੀ ਦੇਣਾ ਅਤੇ ਜੇ ਲੋੜ ਹੋਈ ਤਾਂ ਜ਼ਾਬਤਿਆਂ ਦੇ ਸਬੰਧ ਵਿਚ ਜੀਐਸਸੀਸੀ ਨਾਲ ਸੰਪਰਕ ਕਰਨਾ ;

5.4 ਵਰਕਰਾਂ ਦੇ ਵਿਹਾਰ ਦੇ ਸਬੰਧ ਵਿਚ ਲਏ ਜਾਣ ਵਾਲੇ ਕਿਸੇ ਵੀ ਫੈਸਲੇ ਨੂੰ ਲੈਣ ਲਗਿਆਂ ਸਮਾਜਕ ਸੰਭਾਲ ਵਰਕਰਾਂ ਲਈ ਜੀਐਸਸੀਸੀ ਦੇ ਵਿਹਾਰ ਦੇ ਜ਼ਾਬਤੇ ਨੂੰ ਧਿਆਨ ਵਿਚ ਰੱਖਣਾ ;

5.5 ਜੀਐਸਸੀਸੀ ਨੂੰ ਰਜਿਸਟਰਡ ਸਮਾਜਕ ਸੰਭਾਲ ਵਰਕਰਾਂ ਦੇ ਕਿਸੇ ਮਾੜੇ ਵਿਹਾਰ ਬਾਰੇ ਸੂਚਿਤ ਕਰਨਾ, ਜੋ ਉਸ ਨੂੰ ਉਹਨਾਂ ਦੀ ਰਜਿਸਟ੍ਰੇਸ਼ਨ ਬਾਰੇ ਸੁਆਲ ਪੁੱਛ ਸਕਦੀ ਹੈ ਅਤੇ ਸਬੰਧਿਤ ਵਰਕਰ ਨੂੰ ਸੂਚਿਤ ਕਰ ਸਕਦੀ ਹੈ ਕਿ ਜੀਐਸਸੀਸੀ ਨੂੰ ਇਕ ਰਿਪੋਰਟ ਕੀਤੀ ਗਈ ਹੈ ; ਅਤੇ

5.6 ਜੀਐਸਸੀਸੀ ਦੀਆਂ ਪੜਤਾਲਾਂ ਅਤੇ ਸੁਣਵਾਈਆਂ ਨਾਲ ਮਿਲਵਰਤਨ ਕਰਨਾ ਅਤੇ ਜੀਐਸਸੀਸੀ ਲਈ ਨਤੀਜਿਆਂ ਅਤੇ ਫ਼ੈਸਲਿਆਂ ਲਈ ਉਚਿਤ ਪ੍ਰਤੀਕਰਮ ਲੈਣਾ।

ਸਮਾਜਕ ਸੰਭਾਲ ਵਰਕਰ

## ਭੂਮਿਕਾ

ਇਸ ਦਸਤਾਵੇਜ਼ ਵਿਚ ਸਮਾਜਕ ਸੰਭਾਲ ਵਰਕਰਾਂ ਅਤੇ ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਪ੍ਰਵਾਨਿਤ ਵਿਹਾਰ ਦਾ ਜ਼ਾਬਤਾ ਸ਼ਾਮਿਲ ਹੈ, ਜੋ ਵਿਹਾਰ ਅਤੇ ਅਮਲ ਦੇ ਉਹਨਾਂ ਮਿਆਰਾਂ ਬਾਰੇ ਦਸਦਾ ਹੈ, ਜਿਹਨਾਂ ਵਿਚ ਉਹਨਾਂ ਨੂੰ ਕੰਮ ਕਰਨਾ ਚਾਹੀਦਾ ਹੈ। ਇਹ ਭੂਮਿਕਾ, ਜੋ ਕਿ ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਵਿਹਾਰ ਦੇ ਜ਼ਾਬਤੇ ਵਿਚ ਵੀ ਦੁਬਾਰਾ ਤਿਆਰ ਕੀਤੀ ਗਈ ਹੈ, ਤੁਹਾਨੂੰ ਇਹ ਸਮਝਾਉਣ ਲਈ ਹੈ ਕਿ ਜ਼ਾਬਤੇ ਕੀ ਹਨ ਅਤੇ ਇਹਨਾਂ ਦਾ ਇਕ ਸਮਾਜਕ ਸੰਭਾਲ ਵਰਕਰ, ਨੌਕਰੀਦਾਤਾ, ਸੇਵਾ ਦੀ ਵਰਤੋਂ ਕਰਨ ਵਾਲੇ ਜਾਂ ਜਨਤਾ ਦੇ ਇਕ ਮੈਂਬਰ ਵਜੋਂ, ਤੁਹਾਡੇ ਲਈ ਕੀ ਅਰਥ ਹੋਏਗਾ।

ਜਨਰਲ ਸੋਸ਼ਲ ਕੇਅਰ ਕੌਂਸਲ ਨੇ ਆਪਣਾ ਕਾਰਜ, ਉਤਰੀ ਆਇਰਲੈਂਡ ਦੀ ਸੋਸ਼ਲ ਕੇਅਰ ਕੌਂਸਲ, ਸਕੌਟਿਸ਼ ਸੋਸ਼ਲ ਸਰਵਿਸਿਜ਼ ਕੌਂਸਲ ਅਤੇ ਕੇਅਰ ਕੌਂਸਲ ਫ਼ਾਰ ਵੇਲਸ ਵਾਂਗ ਹੀ ਉਸ ਸਮੇਂ 1 ਅਕਤੂਬਰ 2001 ਤੋਂ ਆਪਣਾ ਕਾਰਜ ਸ਼ੁਰੂ ਕੀਤਾ। ਇਹਨਾਂ ਕੌਂਸਲਾਂ ਦੀ, ਵਿਹਾਰ ਦੇ ਜ਼ਾਬਤੇ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਹੈ ਅਤੇ ਇਹਨਾਂ ਨੇ ਰਲ ਕੇ ਸਮਾਜਕ ਸੰਭਾਲ ਸੇਵਾਵਾਂ ਵਿਚ ਮਿਆਰਾਂ ਨੂੰ ਵਧਾਉਣ ਲਈ ਆਪਣੇ ਯੋਗਦਾਨ ਦੇ ਹਿੱਸੇ ਵਜੋਂ, ਇਹਨਾਂ ਜ਼ਾਬਤਿਆਂ ਨੂੰ ਵਿਕਸਿਤ ਕਰਨ ਲਈ ਕਾਰਜ ਕੀਤਾ ਹੈ।

ਇਸ ਦਸਤਾਵੇਜ਼ 'ਚ ਵਰਕਰਾਂ ਅਤੇ ਨੌਕਰੀਦਾਤਾਵਾਂ ਲਈ ਦੋ ਜ਼ਾਬਤੇ ਇਕੱਠੇ ਦਿੱਤੇ ਗਏ ਹਨ, ਕਿਉਂਕਿ ਇਹ ਇਕ ਦੂਜੇ ਦੇ ਪੂਰਕ ਹਨ ਅਤੇ ਉਚੇਰੇ ਮਿਆਰ ਯਕੀਨੀ ਬਣਾਉਣ ਵਿਚ ਨੌਕਰੀਦਾਤਾਵਾਂ ਅਤੇ ਵਰਕਰਾਂ ਦੀ ਚੰਗੀ ਜ਼ਿੰਮੇਵਾਰੀ ਨੂੰ ਪ੍ਰਗਟਾਉਂਦੇ ਹਨ।

## ਜ਼ਾਬਤੇ ਕੀ ਹਨ ?

ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦਾ ਜ਼ਾਬਤਾ, ਉਹਨਾਂ ਵੱਲੋਂ ਲੋੜੀਂਦੇ ਪੇਸ਼ੇਵਾਰਾਨਾ ਵਿਹਾਰ ਤੇ ਅਮਲ ਦੇ ਮਿਆਰਾਂ ਬਾਰੇ ਦਸਦਾ ਹੈ। ਇਹ ਪਹਿਲੀ ਵਾਰ ਹੈ ਕਿ ਇਸ ਤਰ੍ਹਾਂ ਰਾਸ਼ਟਰੀ ਪੱਧਰ 'ਤੇ ਇਹ ਵਿਹਾਰ ਨਿਸ਼ਚਿਤ ਕੀਤੇ ਗਏ ਹਨ, ਹਾਲਾਂਕਿ ਕਈ ਨੌਕਰੀਦਾਤਾਵਾਂ ਲਈ ਸਥਾਨਕ ਪੱਧਰ 'ਤੇ ਅਜਿਹੇ ਮਿਆਰ ਲਾਗੂ ਹਨ। ਇਸਦਾ

ਕਾਰਜ ਸਮਾਜਕ ਸੰਭਾਲ ਵਿਚ ਲੋੜੀਂਦੇ ਮਿਆਰਾਂ ਦੀ ਪੁਸ਼ਟੀ ਕਰਨ ਦਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਵਰਕਰ ਵਿਹਾਰ ਦੇ ਉਹਨਾਂ ਮਿਆਰਾਂ ਬਾਰੇ ਜਾਣਦੇ ਹੋਣ, ਜਿਹਨਾਂ ਦੀ ਨੌਕਰੀਦਾਤਾ, ਸਾਥੀ, ਸੇਵਾ ਦੀ ਵਰਤੋਂ ਕਰਨ ਵਾਲੇ, ਸੰਭਾਲ ਕਰਤਾ ਅਤੇ ਲੋਕ ਉਹਨਾਂ ਤੋਂ ਉਮੀਦ ਕਰਦੇ ਹਨ।

ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾਵਾਂ ਲਈ ਵਿਹਾਰ ਦਾ ਜ਼ਾਬਤਾ ਸਮਾਜਕ ਸੰਭਾਲ ਵਰਕਰਾਂ ਦੀ ਨੇਮਬੰਦੀ ਵਿਚ ਨੌਕਰੀਦਾਤਾਵਾਂ ਦੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕਰਦਾ ਹੈ। ਫਿਰ ਇਹ ਪਹਿਲੀ ਵਾਰੀ ਹੈ ਕਿ ਅਜਿਹੇ ਮਿਆਰ ਰਾਸ਼ਟਰੀ ਪੱਧਰ 'ਤੇ ਨਿਸ਼ਚਿਤ ਕੀਤੇ ਗਏ ਹਨ। ਇਹਨਾਂ ਜ਼ਾਬਤਿਆਂ ਵਿਚ ਨੌਕਰੀਦਾਤਾਵਾਂ ਵਲੋਂ ਆਪਣੇ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਗਏ ਮਿਆਰਾਂ ਦੀ ਪਾਲਣਾ ਕਰਨਾ, ਸਮਾਜਕ ਸੰਭਾਲ ਵਰਕਰਾਂ ਨੂੰ ਆਪਣੇ ਜ਼ਾਬਤੇ 'ਤੇ ਪੂਰਾ ਉਤਰਣ ਵਿਚ ਸਹਾਇਤਾ ਕਰਨਾ ਅਤੇ ਵਰਕਰਾਂ ਵੱਲੋਂ ਵਿਹਾਰ ਦੇ ਉਮੀਦ ਕੀਤੇ ਜਾ ਰਹੇ ਮਿਆਰਾਂ 'ਤੇ ਪੂਰਾ ਨਾ ਉਤਰਣ 'ਤੇ ਢੁਕਵੀਂ ਕਾਰਵਾਈ ਕਰਨਾ ਸ਼ਾਮਲ ਹੈ।

ਇਹਨਾਂ ਜ਼ਾਬਤਿਆਂ ਦਾ ਉਦੇਸ਼ ਮੌਜੂਦਾ ਚੰਗੇ ਵਿਹਾਰ ਨੂੰ ਪ੍ਰਗਟਾਉਣਾ ਹੈ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵਰਕਰ ਅਤੇ ਨੌਕਰੀਦਾਤਾ ਇਹਨਾਂ ਜ਼ਾਬਤਿਆਂ ਵਿਚ ਉਹਨਾਂ ਸਾਂਝੇ ਮਿਆਰਾਂ ਨੂੰ ਪਛਾਣਨਗੇ, ਜਿਹਨਾਂ ਨੂੰ ਉਹ ਪਹਿਲਾਂ ਹੀ ਚਾਹੁੰਦੇ ਹਨ। ਕੌਂਸਲ ਇਹਨਾਂ ਜ਼ਾਬਤਿਆਂ ਨੂੰ ਵਿਆਪਕ ਪੱਧਰ 'ਤੇ ਉਪਲਬਧ ਕਰਾਕੇ, ਇਹਨਾਂ ਮਿਆਰਾਂ ਨੂੰ ਉਤਸਾਹਿਤ ਕਰੇਗੀ।

## ਇਹਨਾਂ ਜ਼ਾਬਤਿਆਂ ਦੀ ਵਰਤੋਂ ਕਿਵੇਂ ਕੀਤੀ ਜਾਏਗੀ ?

ਇਹ ਜ਼ਾਬਤੇ ਯੂਕੇ ਦੇ ਚਾਰ ਦੇਸ਼ਾਂ ਵਿਚ ਸਮਾਜਕ ਸੰਭਾਲ ਲਈ ਨੇਮਬੰਦੀ ਦੇ ਇਕ ਸਿਲਸਿਲੇ ਨੂੰ ਸ਼ੁਰੂ ਕਰਨ ਵਿਚ ਇਕ ਅਹਿਮ ਕਾਰਵਾਈ ਹਨ। ਇਹ ਕੌਂਸਲਾਂ, ਸਮਾਜਕ ਸੰਭਾਲ ਵਿਚ ਕੰਮ ਕਰਨ ਵਾਲਿਆਂ ਦੀ ਰਜਿਸਟ੍ਰੇਸ਼ਨ ਲਈ ਜ਼ਿੰਮੇਵਾਰ ਹਨ। ਇਹ ਰਜਿਸਟਰ ਇਸ ਗੱਲ ਦਾ ਆਪ ਰਿਕੱਾਰਡ ਹੋਏਗਾ ਕਿ ਰਜਿਸਟਰਡ ਕੀਤੇ ਵਿਅਕਤੀ ਇਸ ਰਜਿਸਟਰ ਵਿਚ ਦਾਖ਼ਿਲੇ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਉਹ ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦੇ ਜ਼ਾਬਤੇ ਲਈ ਨਿਸ਼ਚਿਤ ਕੀਤੇ ਮਿਆਰਾਂ ਦੀ ਪਾਲਣਾ ਵਾਸਤੇ ਸਹਿਮਤ ਹਨ।

ਕੌਂਸਲਾਂ, ਇਕ ਰਜਿਸਟਰਡ ਵਰਕਰ ਨੂੰ ਰਜਿਸਟਰ ਵਿਚ ਦਰਜ ਰਹਿਣਾ ਚਾਹੀਦਾ ਹੈ ਜਾਂ ਨਹੀਂ, ਇਸ ਬਾਰੇ ਫ਼ੈਸਲੇ ਅਤੇ ਮਾੜੇ ਵਿਹਾਰ ਦੇ ਮੁੱਦਿਆਂ 'ਤੇ ਵਿਚਾਰ ਕਰਨ ਲਗਿਆਂ ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦੇ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਮਿਆਰਾਂ ਨੂੰ ਧਿਆਨ ਵਿਚ ਰੱਖਣਗੀਆਂ।

## ਇਹਨਾਂ ਜ਼ਾਬਤਿਆਂ ਦਾ ਤੁਹਾਡੇ ਲਈ ਕੀ ਅਰਥ ਹੋਏਗਾ ?

ਇਕ ਸਮਾਜਕ ਸੰਭਾਲ ਵਰਕਰ ਵਜੋਂ ਤੁਹਾਡੇ ਕੋਲ, ਤੁਹਾਡੇ ਵਿਚਾਰ ਨੂੰ ਸੇਧ ਦੇਣ ਲਈ ਮਿਆਰ ਹੋਏਗਾ ਅਤੇ ਵਿਹਾਰ ਦੇ ਇਹਨਾਂ ਮਿਆਰਾਂ ਬਾਰੇ ਤੁਸੀਂ ਸਪਸ਼ਟ ਰਹੋ, ਜਿਹਨਾਂ ਦੀ ਤੁਹਾਡੇ ਕੋਲੋਂ ਉਮੀਦ ਕੀਤੀ ਜਾਂਦੀ ਹੈ। ਤੁਹਾਨੂੰ ਆਪਣੇ ਵਿਹਾਰ ਦੀ ਜਾਂਚ ਲਈ ਜ਼ਾਬਤਿਆਂ ਦੀ ਵਰਤੋਂ ਅਤੇ ਉਹਨਾਂ ਖ਼ੇਤਰਾਂ ਦਾ ਪਤਾ ਲਾਉਣ ਲਈ ਉਤਸਾਹਿਤ ਕੀਤਾ ਜਾਂਦਾ ਹੈ, ਜਿਹਨਾਂ 'ਚ ਤੁਸੀਂ ਸੁਧਾਰ ਕਰ ਸਕਦੇ ਹੋ।

ਸਮਾਜਕ ਸੰਭਾਲ ਨੌਕਰੀਦਾਤਾ ਵਜੋਂ ਤੁਸੀਂ ਜਾਣੋਗੇ ਕਿ ਤੁਹਾਡੇ ਤੋਂ ਕਾਰਜਸ਼ਕਤੀ ਦੀ ਨੇਮਬੰਦੀ ਅਤੇ ਉਚ ਕੁਆਲਿਟੀ ਵਾਲੀ ਸਮਾਜਕ ਸੰਭਾਲ ਦੀ ਹਿਮਾਇਤ ਵਿਚ ਕਿਸ ਤਰ੍ਹਾਂ ਦੀ ਭੂਮਿਕਾ ਦੀ ਉਮੀਦ ਕੀਤੀ ਜਾਂਦੀ ਹੈ। ਤੁਹਾਨੂੰ ਜ਼ਾਬਤੇ ਵਿਚ ਨਿਸ਼ਚਿਤ ਕੀਤੇ ਗਏ ਮਿਆਰਾਂ ਦੇ ਪਿਛੋਕੜ ਵਿਚ ਵਿਹਾਰ ਤੇ ਨੀਤੀਆਂ ਦੇ ਤੁਹਾਡੇ ਆਪਣੇ ਮਿਆਰਾਂ ਦਾ ਜਾਇਜ਼ਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਸੇਵਾਵਾਂ ਦੀ ਵਰਤੋਂ ਕਰਨ ਵਾਲੇ ਜਾਂ ਜਨਤਾ ਦੇ ਮੈਂਬਰ ਵਜੋਂ ਇਹ ਜ਼ਾਬਤੇ ਤੁਹਾਨੂੰ ਇਸ ਗੱਲ ਨੂੰ ਸਮਝਣ ਵਿਚ ਸਹਾਇਤਾ ਦੇਣਗੇ ਕਿ ਇਕ ਸਮਾਜਕ ਸੰਭਾਲ ਵਰਕਰ ਨੂੰ ਤੁਹਾਡੇ ਨਾਲ ਕਿੰਜ ਦਾ ਵਿਹਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਨੌਕਰੀਦਾਤਾ ਨੂੰ ਸਮਾਜਕ ਸੰਭਾਲ ਵਰਕਰਾਂ ਵਲੋਂ ਆਪਣੇ ਕਾਰਜ ਨੂੰ ਚੰਗੀ ਤਰ੍ਹਾਂ ਕਰਨ ਲਈ ਹਿਮਾਇਤ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ।

## ਸਮਾਜਕ ਸੰਭਾਲ ਵਰਕਰਾਂ ਲਈ ਵਿਹਾਰ ਦਾ ਜ਼ਾਬਤਾ

ਇਸ ਜ਼ਾਬਤੇ ਦਾ ਉਦੇਸ਼, ਉਸ ਵਿਹਾਰ ਨੂੰ ਨਿਸ਼ਚਿਤ ਕਰਨਾ ਹੈ, ਜਿਸਦੀ ਸਮਾਜਕ ਸੰਭਾਲ ਵਰਕਰ ਵੱਲੋਂ ਉਮੀਦ ਕੀਤੀ ਜਾਂਦੀ ਹੈ ਅਤੇ ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਲੋਕਾਂ ਨੂੰ ਵਿਹਾਰ ਦੇ ਉਨ੍ਹਾਂ ਮਿਆਰਾਂ ਬਾਰੇ ਸੂਚਿਤ ਕਰਨਾ ਹੈ, ਜਿਸਦੀ ਉਹ ਸਮਾਜਕ ਸੰਭਾਲ ਵਰਕਰਾਂ ਤੋਂ ਉਮੀਦ ਕਰ ਸਕਦੇ ਹਨ। ਇਹ, ਕਾਨੂੰਨ, ਵਿਹਾਰਕ ਮਿਆਰਾਂ ਅਤੇ ਨੌਕਰੀਦਾਤਾਵਾਂ ਦੀਆਂ ਨੀਤੀਆਂ ਅਤੇ ਉਨ੍ਹਾਂ ਅਮਲਾਂ ਜਿਨ੍ਹਾਂ 'ਤੇ ਸਮਾਜਕ ਸੰਭਾਲ ਵਰਕਰਾਂ ਵੱਲੋਂ ਪੂਰਾ ਉਤਰਨਾ ਲਾਜ਼ਮੀ ਹੈ, ਦੇ ਇਕ ਵਡੇਰੇ ਪੈਕੇਜ ਦਾ ਹਿੱਸਾ ਬਣਦੇ ਹਨ। ਸਮਾਜਕ ਸੰਭਾਲ ਵਰਕਰ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਉਨ੍ਹਾਂ ਦਾ ਵਿਹਾਰ, ਇਸ ਜ਼ਾਬਤੇ 'ਚ ਨਿਸ਼ਚਿਤ ਕੀਤੇ ਗਏ ਮਿਆਰਾਂ ਤੋਂ ਘੱਟ ਨਾ ਹੋਵੇ ਅਤੇ ਉਨ੍ਹਾਂ ਵੱਲੋਂ ਹੋਈ ਕਿਸੇ ਕਾਰਵਾਈ ਜਾਂ ਉਕਾਈ ਨਾਲ ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ ਨੁਕਸਾਨ ਨਾ ਪਹੁੰਚੇ।

## ਦਰਜਾ

ਜਨਰਲ ਸੋਸ਼ਲ ਕੇਅਰ ਕੌਂਸਲ, ਸਮਾਜਕ ਸੰਭਾਲ ਵਰਕਰਾਂ ਤੋਂ ਇਸ ਜ਼ਾਬਤੇ 'ਤੇ ਪੂਰਾ ਉਤਰਣ ਦੀ ਉਮੀਦ ਕਰਦੀ ਹੈ ਅਤੇ ਜੇ ਰਜਿਸਟਰਡ ਵਰਕਰ ਇਸ 'ਤੇ ਪੂਰਾ ਨਹੀਂ ਉਤਰਦੇ ਤਾਂ ਇਹ ਕਾਰਵਾਈ ਕਰ ਸਕਦੀ ਹੈ।

ਸਮਾਜਕ ਸੰਭਾਲ ਵਰਕਰਾਂ ਦੇ ਨੌਕਰੀਦਾਤਾ ਵੱਲੋਂ ਆਪਣੇ ਮਾਮਲੇ ਦੇ ਵਿਚਾਰ ਬਾਰੇ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਇਸ ਜ਼ਾਬਤੇ ਨੂੰ ਧਿਆਨ 'ਚ ਰੱਖੇ ਜਾਣ ਦੀ ਲੋੜ ਹੈ।

## ਸਮਾਜਕ ਸੰਭਾਲ ਵਰਕਰਾਂ ਨੂੰ ਲਾਜ਼ਮੀ ਹੈ :

- ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਦੇ ਹੱਕਾਂ ਦੀ ਰਾਖੀ ਅਤੇ ਉਨ੍ਹਾਂ ਦੇ ਹਿੱਤਾਂ ਨੂੰ ਉਤਸਾਹਿਤ ਕਰਨਾ ;
- ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਦਾ ਵਿਸ਼ਵਾਸ ਅਤੇ ਭਰੋਸਾ ਬਣਾਉਣਾ ਅਤੇ ਬਹਾਲ ਕਰਨ ਲਈ ਕੋਸ਼ਿਸ਼ ਕਰਨਾ ;
- ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ ਜਿਥੋਂ ਤਕ ਸੰਭਵ ਹੋ ਸਕੇ, ਖ਼ਤਰੇ ਜਾਂ ਨੁਕਸਾਨ ਤੋਂ ਬਚਾਉਂਦਿਆਂ ਉਨ੍ਹਾਂ ਦੀ ਆਤਮ ਨਿਰਭਰਤਾ ਨੂੰ ਉਤਸਾਹਿਤ ਕਰਨਾ ;
- ਸੇਵਾ ਦੀ ਵਰਤੋਂ ਕਰਨ ਵਾਲਿਆਂ ਦੇ ਹੱਕਾਂ ਦਾ ਸਤਿਕਾਰ ਕਰਨਾ ਅਤੇ ਨਾਲ ਹੀ ਇਹ ਯਕੀਨੀ ਬਣਾਉਣਾ ਕਿ ਉਨ੍ਹਾਂ ਦੇ ਵਿਹਾਰ ਨਾਲ ਉਨ੍ਹਾਂ ਨੂੰ ਖ਼ੁਦ ਨੂੰ ਜਾਂ ਹੋਰਨਾਂ ਲੋਕਾਂ ਨੂੰ ਨੁਕਸਾਨ ਨਾ ਪਹੁੰਚੇ ;
- ਸਮਾਜਕ ਸੰਭਾਲ ਸੇਵਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਅਤੇ ਭਰੋਸੇ ਨੂੰ ਬਰਕਰਾਰ ਰੱਖਣਾ ; ਅਤੇ
- ਆਪਣੇ ਕੰਮ ਦੀ ਕੁਆਲਿਟੀ ਲਈ ਜੁਆਬਦੇਹ ਹੋਣਾ ਅਤੇ ਆਪਣੀ ਜਾਣਕਾਰੀ ਅਤੇ ਮੁਹਾਰਤਾਂ ਨੂੰ ਬਹਾਲ ਰੱਖਣ ਅਤੇ ਇਨ੍ਹਾਂ ਦੇ ਸੁਧਾਰ ਲਈ ਜ਼ਿੰਮੇਵਾਰੀ ਲੈਣਾ।

1 ਇਕ ਸਮਾਜਕ ਸੰਭਾਲ ਵਰਕਰ ਵਜੋਂ ਤੁਹਾਡੇ ਵਲੋਂ ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲ ਕਰਤਾਵਾਂ ਦੇ ਹੱਕਾਂ ਦੀ ਰਾਖੀ ਅਤੇ ਉਨ੍ਹਾਂ ਦੇ ਹਿੱਤਾਂ ਨੂੰ ਉਤਸਾਹਿਤ ਕੀਤਾ ਜਾਣਾ ਲਾਜ਼ਮੀ ਹੈ।

ਇਹਨਾਂ 'ਚ ਸ਼ਾਮਿਲ ਹਨ :

1.1 ਹਰੇਕ ਵਿਅਕਤੀ ਨਾਲ ਇਕ ਵਿਸ਼ੇਸ਼ ਵਿਅਕਤੀ ਵਜੋਂ ਪੇਸ਼ ਆਉਣਾ ;

1.2 ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ, ਦੋਹਾਂ ਦੇ ਵਿਅਕਤੀਗਤ ਵਿਚਾਰਾਂ ਅਤੇ ਖੁਆਹਿਸ਼ਾਂ ਦਾ ਸਤਿਕਾਰ ਕਰਨਾ ਅਤੇ ਜਿਥੇ ਕਿਤੇ ਉਚਿਤ ਹੋਵੇ, ਇਨ੍ਹਾਂ ਨੂੰ ਉਤਸਾਹਿਤ ਕਰਨਾ ;

1.3 ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ ਆਪਣੀ ਜ਼ਿੰਦਗੀ 'ਤੇ ਕੰਟਰੋਲ ਦੇ ਹੱਕਾਂ ਅਤੇ ਉਨ੍ਹਾਂ ਵੱਲੋਂ ਹਾਸਿਲ ਕੀਤੀਆਂ ਸੇਵਾਵਾਂ ਬਾਰੇ ਜਾਣਕਾਰੀ ਵਾਲੀਆਂ ਚੋਣਾਂ ਕਰਨ ਲਈ ਹਿਮਾਇਤ ;

1.4 ਸੇਵਾ ਦੀ ਵਰਤੋਂ ਕਰਨ ਵਾਲਿਆਂ ਦੇ ਵਕਾਰ ਅਤੇ ਜ਼ਾਤੀ ਜੀਵਨ ਦਾ ਸਤਿਕਾਰ ਅਤੇ ਉਨ੍ਹਾਂ ਨੂੰ ਬਹਾਲ ਰੱਖਣਾ ;

1.5 ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ, ਲਈ ਬਰਾਬਰੀ ਦੇ ਮੌਕਿਆਂ ਨੂੰ ਉਤਸਾਹਿਤ ਕਰਨਾ ; ਅਤੇ

1.6 ਭਿੰਨਤਾ ਅਤੇ ਵੱਖ ਵੱਖ ਸਭਿਆਚਾਰਾਂ ਅਤੇ ਕਦਰਾਂ ਕੀਮਤਾਂ ਦਾ ਸਤਿਕਾਰ ਕਰਨਾ।

**2** ਸਮਾਜਕ ਸੰਭਾਲ ਵਰਕਰ ਵਜੋਂ ਤੁਹਾਡੇ ਵੱਲੋਂ ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਦਾ ਵਿਸ਼ਵਾਸ ਅਤੇ ਭਰੋਸਾ ਬਣਾਉਣਾ ਅਤੇ ਬਹਾਲ ਕਰਨ ਲਈ ਕੋਸ਼ਿਸ਼ ਕੀਤੀ ਜਾਣੀ ਲਾਜ਼ਮੀ ਹੈ।

ਇਹਨਾਂ 'ਚ ਸ਼ਾਮਲ ਹਨ :

2.1 ਇਮਾਨਦਾਰ ਅਤੇ ਭਰੋਸੇਯੋਗ ਰਹਿਣਾ ;

2.2 ਇਕ ਢੁੱਕਵੇਂ, ਖੁਲ੍ਹੇ, ਸਹੀ ਅਤੇ ਸਪਸ਼ਟ ਤਰੀਕੇ ਨਾਲ ਸੰਚਾਰ ਕਰਨਾ ;

2.3 ਗੁਪਤ ਸੂਚਨਾ ਦਾ ਸਤਿਕਾਰ ਕਰਨਾ ਅਤੇ ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲ ਕਰਤਾਵਾਂ ਨੂੰ ਏਜੰਸੀ ਦੀਆਂ ਰਾਜ਼ਦਾਰੀ ਦੀਆਂ ਨੀਤੀਆਂ ਬਾਰੇ ਸਪਸ਼ਟ ਤੌਰ 'ਤੇ ਦੱਸਣਾ ;

2.4 ਭਰੋਸੇ ਅਤੇ ਇਤਬਾਰਯੋਗ ਰਹਿਣਾ ;

2.5 ਕਾਰਜ ਦੀਆਂ ਵਚਨਬਧਤਾਵਾਂ, ਸਮਝੌਤਿਆਂ ਅਤੇ ਪ੍ਰਬੰਧਾਂ ਨੂੰ ਪੂਰਾ ਕਰਨਾ ਅਤੇ ਜਦੋਂ ਇੰਜ ਕਰਨਾ ਸੰਭਵ ਨਾ ਹੋਵੇ ਤਾਂ ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਨੂੰ ਇੰਜ ਕਿਉਂ ਨਹੀਂ ਹੋਇਆ, ਬਾਰੇ ਦੱਸਣਾ;

2.6 ਉਨ੍ਹਾਂ ਮੁੱਦਿਆਂ ਨੂੰ ਬਿਆਨ ਕਰਨਾ, ਜਿਹੜੇ ਹਿੱਤਾਂ ਵਿਚ ਵਿਵਾਦ ਪੈਦਾ ਕਰ ਸਕਦੇ ਹਨ ਅਤੇ ਇਹ ਯਕੀਨੀ ਬਣਾਉਣਾ ਕਿ ਉਨ੍ਹਾਂ ਦਾ ਤੁਹਾਡੇ ਫ਼ੈਸਲੇ ਜਾਂ ਵਿਹਾਰ ਉਤੇ ਅਸਰ ਨਾ ਪਵੇ ; ਅਤੇ

2.7 ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਤੋਂ ਤੋਹਫੇ ਅਤੇ ਰਕਮਾਂ ਲੈਣ ਬਾਰੇ ਨੀਤੀਆਂ ਅਤੇ ਅਮਲਾਂ ਦੀ ਪਾਲਣਾ ਕਰਨਾ।

**3** ਇਕ ਸਮਾਜਕ ਸੰਭਾਲ ਵਰਕਰ ਵੱਜੋਂ ਤੁਹਾਡੇ ਵੱਲੋਂ ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ ਜਿਥੋਂ ਤਕ ਸੰਭਵ ਹੋ ਸਕੇ, ਖ਼ਤਰੇ ਜਾਂ ਨੁਕਸਾਨ ਤੋਂ ਬਚਾਉਂਦਿਆਂ ਉਨ੍ਹਾਂ ਦੀ ਆਤਮ ਨਿਰਭਰਤਾ ਨੂੰ ਉਤਸਾਹਿਤ ਕੀਤਾ ਜਾਣਾ ਲਾਜ਼ਮੀ ਹੈ।

ਇਹਨਾਂ ਵਿਚ ਸ਼ਾਮਲ ਹਨ :

3.1 ਸੇਵਾ ਦੀ ਵਰਤੋਂ ਕਰਨ ਵਾਲਿਆਂ ਦੀ ਆਤਮਨਿਰਭਰਤਾ ਨੂੰ ਉਤਸਾਹਿਤ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਨੂੰ ਸਮਝਣ ਅਤੇ ਇਨ੍ਹਾਂ ਦੀ ਵਰਤੋਂ ਵਿਚ ਮਦਦ ਦੇਣਾ ;

3.2 ਖ਼ਤਰਨਾਕ, ਮਾੜੇ ਵਿਹਾਰ, ਪੱਖਪਾਤੀ ਜਾਂ ਸ਼ੋਸ਼ਣ ਵਾਲੇ ਵਤੀਰੇ ਅਤੇ ਅਮਲ ਬਾਰੇ ਰਿਪੋਰਟ ਕਰਨ ਅਤੇ ਵੰਗਾਰਣ ਵਾਸਤੇ ਕਾਇਮ ਅਮਲ ਅਤੇ ਵਿਧੀਆਂ ਦੀ ਵਰਤੋਂ ਕਰਨਾ ;

3.3 ਕਾਰਜ ਵਿਚ ਹਿੰਸਕ ਅਤੇ ਮਾੜੇ ਵਿਹਾਰ ਤੋਂ ਆਪਣੇ ਆਪ ਨੂੰ ਅਤੇ ਹੋਰਨਾਂ ਲੋਕਾਂ ਨੂੰ ਸੁਰਖਿਅਤ ਰੱਖਣ ਲਈ ਤਿਆਰ ਕੀਤੇ ਗਏ ਵਿਹਾਰ ਅਤੇ ਅਮਲਾਂ ਦੀ ਪਾਲਣਾ ਕਰਨਾ ;

3.4 ਸੁਰੱਖਿਅਤ ਸੰਭਾਲ ਦੇ ਰਾਹ ਵਿਚ ਆਉਣ ਵਾਲੇ ਸਾਧਨ ਜਾਂ ਅਮਲ ਸਬੰਧੀ ਮੁਸ਼ਕਿਲਾਂ ਨੂੰ ਆਪਣੇ ਨੌਕਰੀਦਾਤਾ ਜਾਂ ਉਚਿਤ ਅਥੱਰਿਟੀ ਦੇ ਧਿਆਨ ਵਿਚ ਲਿਆਉਣਾ ;

3.5 ਆਪਣੇ ਨੌਕਰੀਦਾਤਾ ਜਾਂ ਉਚਿਤ ਅਥੱਰਿਟੀ ਨੂੰ ਆਪਣੇ ਸਾਥੀਆਂ ਦੇ ਉਹਨਾਂ ਵਿਹਾਰਾਂ ਦੀ ਜਾਣਕਾਰੀ ਦੇਣਾ, ਜੋ ਅਸੁਰੱਖਿਅਤ ਜਾਂ ਸੰਭਾਲ ਦੇ ਮਿਆਰਾਂ 'ਤੇ ਮਾੜੇ ਅਸਰ ਪਾ ਸਕਦੇ ਹਨ ;

3.6 ਨੌਕਰੀਦਾਤਾਵਾਂ ਦੀਆਂ ਮੂਲ ਉਲੰਘਣਾ ਨਾਲ ਸਬੰਧਿਤ ਨੀਤੀਆਂ ਸਮੇਤ ਸਿਹਤ ਅਤੇ ਸੁਰੱਖਿਆ ਨੀਤੀਆਂ ਦੀ ਪਾਲਣਾ ;

3.7 ਸੇਵਾ ਦੀ ਵਰਤੋਂ ਕਰਨ ਵਾਲਿਆਂ ਦੀ ਅਤੇ ਸੰਭਾਲ ਕਰਤਾਵਾਂ ਨੂੰ ਸ਼ਿਕਾਇਤਾਂ ਕਰਨ ਵਿਚ ਮਦਦ ਕਰਨਾ, ਇਹਨਾਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਉਨ੍ਹਾਂ ਦਾ ਜਵਾਬ ਦੇਣਾ ਜਾਂ ਉਨ੍ਹਾਂ ਨੂੰ ਉਚਿਤ ਵਿਅਕਤੀ ਦੇ ਹਵਾਲੇ ਕਰਨਾ ; ਅਤੇ

3.8 ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਨਾਲ ਤੁਹਾਡੇ ਕਾਰਜ ਤੋਂ ਮਿਲੇ ਅਧਿਕਾਰ ਨੂੰ ਪਛਾਣਨਾ ਅਤੇ ਇਸਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨਾ।

**4** ਇਕ ਸਮਾਜਕ ਸੰਭਾਲ ਵਰਕਰ ਵਜੋਂ ਤੁਹਾਡੇ ਵਲੋਂ ਸੇਵਾ ਦੀ ਵਰਤੋਂ ਕਰਨ ਵਾਲਿਆਂ ਦੇ ਹੱਕਾਂ ਦਾ ਸਤਿਕਾਰ ਕਰਨਾ ਅਤੇ ਨਾਲ ਹੀ ਇਹ ਯਕੀਨੀ ਬਣਾਇਆ ਜਾਣਾ ਲਾਜ਼ਮੀ ਹੈ ਕਿ ਉਨ੍ਹਾਂ ਦੇ ਵਿਹਾਰ ਨਾਲ ਉਨ੍ਹਾਂ ਨੂੰ ਖ਼ੁਦ ਨੂੰ ਜਾਂ ਹੋਰਨਾਂ ਲੋਕਾਂ ਨੂੰ ਨੁਕਸਾਨ ਨਾ ਪਹੁੰਚੇ।

ਇਹਨਾਂ ਵਿਚ ਸ਼ਾਮਲ ਹਨ :

4.1 ਇਸ ਗੱਲ ਨੂੰ ਪਛਾਣਨਾ ਕਿ ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ ਜੋਖ਼ਮ ਉਠਾਉਣ ਦਾ ਹੱਕ ਹੈ ਅਤੇ ਉਹਨਾਂ ਨੂੰ ਆਪਣੇ ਆਪ ਨੂੰ ਅਤੇ ਹੋਰਨਾਂ ਨੂੰ ਸੰਭਾਵਿਤ ਅਤੇ ਅਸਲ ਖ਼ਤਰਿਆਂ ਦੀ ਪਛਾਣ ਅਤੇ ਇਹਨਾਂ ਨਾਲ ਨਜਿੱਠਣ ਵਿਚ ਮਦਦ ਕਰਨਾ ;

4.2 ਇਸ ਗੱਲ ਦਾ ਮੁਲਾਂਕਣ ਕਰਨ ਲਈ ਕਿ ਕੀ ਸੇਵਾ ਦੀ ਵਰਤੋਂ ਕਰਨ ਵਾਲਿਆਂ ਦਾ ਵਿਹਾਰ ਉਹਨਾਂ ਨੂੰ ਖ਼ੁਦ ਲਈ ਜਾਂ ਹੋਰਨਾਂ ਲਈ ਨੁਕਸਾਨ ਜਾਂ ਖ਼ਤਰਾ ਪੈਦਾ ਕਰਦਾ ਹੈ, ਖ਼ਤਰੇ ਦੇ ਮੁਲਾਂਕਣ ਬਾਰੇ ਨੀਤੀਆਂ ਅਤੇ ਅਮਲਾਂ ਦੀ ਪਾਲਣਾ ਕਰਨਾ ;

4.3 ਸੇਵਾ ਦੀ ਵਰਤੋਂ ਕਰਨ ਵਾਲਿਆਂ ਵਲੋਂ ਆਪਣੇ ਆਪ ਨੂੰ ਜਾਂ ਹੋਰਨਾਂ ਲੋਕਾਂ ਨੂੰ ਅਸਲ ਜਾਂ ਸੰਭਾਵਿਤ ਨੁਕਸਾਨ ਪਹੁੰਚਾਏ ਜਾਣ ਦੇ ਖ਼ਤਰਿਆਂ ਨੂੰ ਘੱਟ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਕਰਨਾ ; ਅਤੇ

4.4 ਇਹ ਯਕੀਨੀ ਬਣਾਉਣਾ ਕਿ ਸਬੰਧਿਤ ਸਾਥੀ ਅਤੇ ਏਜੰਸੀਆਂ, ਖ਼ਤਰੇ ਦੇ ਮੁਲਾਂਕਣਾਂ ਦੇ ਨਤੀਜਿਆਂ ਅਤੇ ਅਸਰਾਂ ਬਾਰੇ ਸੂਚਿਤ ਹੋਣ।

**5** ਇਕ ਸਮਾਜਕ ਸੰਭਾਲ ਵਰਕਰ ਵੱਜੋਂ ਤੁਹਾਡੇ ਵੱਲੋਂ ਸਮਾਜਕ ਸੰਭਾਲ ਸੇਵਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਅਤੇ ਭਰੋਸੇ ਨੂੰ ਬਰਕਰਾਰ ਰੱਖਿਆ ਜਾਣਾ ਲਾਜ਼ਮੀ ਹੈ।

ਤੁਹਾਨੂੰ ਵਿਸ਼ੇਸ਼ ਤੌਰ 'ਤੇ ਇਹ ਨਹੀਂ ਕਰਨਾ ਚਾਹੀਦਾ :

5.1 ਸੇਵਾ ਦੀ ਵਰਤੋਂ ਕਰਨ ਵਾਲਿਆਂ, ਸੰਭਾਲਕਰਤਾਵਾਂ ਜਾਂ ਸਾਥੀਆਂ ਨਾਲ ਬਦਸਲੂਕੀ, ਅਣਗਹਿਲੀ ਜਾਂ ਨੁਕਸਾਨ ;

5.2 ਸੇਵਾ ਦੀ ਵਰਤੋਂ ਕਰਨ ਵਾਲਿਆਂ, ਸੰਭਾਲਕਰਤਾਵਾਂ ਜਾਂ ਸਾਥੀਆਂ ਦਾ ਕਿਸੇ ਵੀ ਰੂਪ ਵਿਚ ਸ਼ੋਸ਼ਣ ;

5.3 ਸੇਵਾ ਦੀ ਵਰਤੋਂ ਕਰਨ ਵਾਲਿਆਂ ਅਤੇ ਸੰਭਾਲਕਰਤਾਵਾਂ ਦੇ ਭਰੋਸੇ ਜਾਂ ਉਹਨਾਂ ਦੀ ਵਿਅਕਤੀਗਤ ਸੂਚਨਾ ਤੱਕ ਆਪਣੀ ਪਹੁੰਚ ਜਾਂ ਉਹਨਾਂ ਦੇ ਜਾਇਦਾਦ, ਘਰ ਜਾਂ ਕਾਰਜ ਸਥਾਨ ਦਾ ਦੁਰ ਉਪਯੋਗ ਕਰਨਾ ;

5.4 ਸੇਵਾ ਦੀ ਵਰਤੋਂ ਕਰਨ ਵਾਲਿਆਂ ਨਾਲ ਅਣ ਉਚਿਤ ਵਿਅਕਤੀਗਤ ਸਬੰਧ ਕਾਇਮ ਕਰਨਾ ;

5.5 ਸੇਵਾ ਦੀ ਵਰਤੋਂ ਕਰਨ ਵਾਲਿਆਂ, ਸੰਭਾਲਕਰਤਾਵਾਂ ਜਾਂ ਸਾਥੀਆਂ ਵਿਰੁਧ ਗ਼ੈਰ ਕਾਨੂੰਨੀ ਤਰੀਕੇ ਜਾਂ ਅਣ-ਉਚਿਤ ਤਰੀਕੇ ਨਾਲ ਪੱਖਪਾਤ ਕਰਨਾ ;

5.6 ਸੇਵਾ ਦੀ ਵਰਤੋਂ ਕਰਨ ਵਾਲਿਆਂ, ਸੰਭਾਲਕਰਤਾਵਾਂ ਜਾਂ ਸਾਥੀਆਂ ਵੱਲੋਂ ਕਿਸੇ ਗ਼ੈਰ-ਕਾਨੂੰਨੀ ਜਾਂ ਅਣ-ਉਚਿਤ ਪੱਖਪਾਤ ਦੀ ਅਣ ਦੇਖੀ ਕਰਨਾ ;

5.7 ਆਪਣੇ ਆਪ ਨੂੰ ਜਾਂ ਹੋਰਨਾਂ ਲੋਕਾਂ ਨੂੰ ਅਣ ਲੋੜੀਂਦੇ ਖ਼ਤਰੇ ਵਿਚ ਪਾਉਣਾ ; ਜਾਂ

5.8 ਕੰਮ ਵਿਚ ਜਾਂ ਕੰਮ ਦੇ ਬਾਅਦ ਅਜਿਹੇ ਤਰੀਕੇ ਨਾਲ ਵਿਹਾਰ ਕਰਨਾ, ਜਿਸ ਨਾਲ ਸਮਾਜਕ ਸੰਭਾਲ ਸੇਵਾਵਾਂ ਦੇ ਕੰਮ ਵਿਚ ਤੁਹਾਡੀ ਯੋਗਤਾ 'ਤੇ ਸੁਆਲ ਖੜ੍ਹਾ ਹੋ ਜਾਵੇ।

**6** ਇਕ ਸਮਾਜਕ ਸੰਭਾਲ ਵਰਕਰ ਵੱਜੋਂ ਤੁਹਾਡੇ ਵੱਲੋਂ ਆਪਣੇ ਕੰਮ ਦੀ ਕੁਆਲਿਟੀ ਲਈ ਜੁਆਬਦੇਹ ਹੋਣਾ ਅਤੇ ਆਪਣੀ ਜਾਣਕਾਰੀ ਅਤੇ ਮੁਹਾਰਤਾਂ ਨੂੰ ਬਹਾਲ ਰੱਖਣ ਅਤੇ ਇਨ੍ਹਾਂ ਦੇ ਸੁਧਾਰ ਲਈ ਜ਼ਿੰਮੇਵਾਰੀ ਲੈਣਾ ਲਾਜ਼ਮੀ ਹੈ।

ਇਹਨਾਂ ਵਿਚ ਸ਼ਾਮਲ ਹਨ :

6.1 ਵਿਹਾਰ ਦੇ ਸਬੰਧਿਤ ਵਿਹਾਰਾਂ 'ਤੇ ਪੂਰਾ ਉਤਰਨਾ ਅਤੇ ਇਕ ਕਾਨੂੰਨੀ, ਸੁਰੱਖਿਅਤ ਅਤੇ ਪ੍ਰਭਾਵੀ ਤਰੀਕੇ ਵਿਚ ਕਾਰਜ ਕਰਨਾ ;

6.2 ਤੁਹਾਡੇ ਕੰਮ ਲਈ ਕਾਇਮ ਕੀਤੇ ਗਏ ਅਮਲਾਂ ਅਨੁਸਾਰ ਸਪਸ਼ਟ ਅਤੇ ਸਹੀ ਰਿਕੌਰਡ ਬਣਾਉਣਾ ;

6.3 ਆਪਣੇ ਨੌਕਰੀਦਾਤਾ ਜਾਂ ਉਚਿਤ ਅਥਾੱਰਿਟੀ ਨੂੰ ਉਸ ਕਿਸੇ ਵਿਅਕਤੀਗਤ ਮੁਸ਼ਕਿਲ ਬਾਰੇ ਜਾਣਕਾਰੀ ਦੇਣਾ, ਜਿਸ ਨਾਲ ਤੁਹਾਡੇ ਵਲੋਂ ਕੀਤੇ ਜਾਂਦੇ ਕਾਰਜ ਨੂੰ ਯੋਗ ਤਰੀਕੇ ਅਤੇ ਸੁਰੱਖਿਆ ਨਾਲ ਕਰਨ ਦੀ ਤੁਹਾਡੀ ਸਮੱਰਥਾ 'ਤੇ ਅਸਰ ਪੈਂਦਾ ਹੋਵੇ ;

6.4 ਜੇ ਤੁਸੀਂ ਆਪਣੇ ਕੰਮ ਦੇ ਕਿਸੇ ਪਹਿਲੂ ਨੂੰ ਕਰਨ ਵਿਚ ਆਪਣੇ ਆਪ ਨੂੰ ਯੋਗ ਜਾਂ ਪੂਰੀ ਤਰ੍ਹਾਂ ਤਿਆਰ ਨਹੀਂ ਸਮਝਦੇ ਜਾਂ ਤੁਹਾਨੂੰ ਸਮਝ ਨਹੀਂ ਆ ਰਹੀ ਕਿ ਕਿਸੇ ਕਾਰਜ ਵਿਚ ਅੱਗੇ ਕਿਵੇਂ ਵਧਿਆ ਜਾਏ, ਤਾਂ ਆਪਣੇ ਨੌਕਰੀਦਾਤਾ ਜਾਂ ਉਚਿਤ ਅਥਾੱਰਿਟੀ ਤੋਂ ਸਹਾਇਤਾ ਲੈਣਾ ;

6.5 ਸਾਥੀਆਂ ਨਾਲ ਖੁਲ੍ਹੇਪਨ ਅਤੇ ਮਿਲਵਰਤਨ ਵਾਲੇ ਤਰੀਕੇ ਨਾਲ ਕੰਮ ਕਰਨਾ ਅਤੇ ਉਹਨਾਂ ਨੂੰ ਸਤਿਕਾਰ ਦੇਣਾ ;

6.6 ਇਸ ਗੱਲ ਨੂੰ ਮੰਨਣਾ ਕਿ ਤੁਹਾਡੇ ਵਲੋਂ ਹੋਰਨਾਂ ਵਰਕਰਾਂ ਨੂੰ ਦਿੱਤੇ ਗਏ ਕਾਰਜ ਲਈ ਤੁਸੀਂ ਜ਼ਿੰਮੇਵਾਰ ਹੁੰਦੇ ਹੋ ;

6.7 ਹੋਰਨਾਂ ਏਜੰਸੀਆਂ ਦੇ ਵਰਕਰਾਂ ਦੀ ਭੂਮਿਕਾ ਅਤੇ ਮੁਹਾਰਤ ਨੂੰ ਪਛਾਣਨਾ ਅਤੇ ਸਤਿਕਾਰ ਕਰਨਾ ਅਤੇ ਉਹਨਾਂ ਨਾਲ ਭਾਈਵਾਲੀ ਵਿਚ ਕੰਮ ਕਰਨਾ ; ਅਤੇ

6.8 ਆਪਣੀ ਜਾਣਕਾਰੀ ਅਤੇ ਮੁਹਾਰਤਾਂ ਨੂੰ ਬਣਾਈ ਰੱਖਣ ਅਤੇ ਉਨ੍ਹਾਂ ਵਿਚ ਸੁਧਾਰ ਲਈ ਸਬੰਧਿਤ ਸਿਖਲਾਈ ਲੈਣਾ ਅਤੇ ਹੋਰਨਾਂ ਦੀ ਸਿਖਿਆ ਅਤੇ ਵਿਕਾਸ ਵਿਚ ਯੋਗਦਾਨ ਪਾਉਣਾ।

General Social Care Council
Goldings House
2 Hay's Lane
London
SE1 2HB

020 7397 5100
www.gscc.org.uk

© Copyright General Social Care Council 2002